# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 28 ਜੁਲਾਈ 2026 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## 225 ਪਾਵਨ ਸਰੂਪਾਂ ਦੇ ਪ੍ਰਬੰਧ ਨੂੰ ਲੈ ਕੇ ਵਿਵਾਦ, ਸਤਿਕਾਰ ਕਮੇਟੀ ਤੇ ਗੁਰਦੁਆਰਾ ਕਮੇਟੀ ਨੇ ਰੱਖਿਆ ਆਪਣਾ-ਆਪਣਾ ਪੱਖ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 28 ਜੁਲਾਈ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 225 ਪਾਵਨ ਸਰੂਪਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ਼੍ਰੋਮਣੀ ਕਮੇਟੀ), ਅੰਮ੍ਰਿਤਸਰ ਵੱਲੋਂ ਸਮੁੰਦਰੀ ਰਸਤੇ ਕੈਨੇਡਾ ਦੇ ਸਰੀ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਭੇਜਣ ਦੇ ਮਾਮਲੇ ਨੂੰ ਲੈ ਕੇ ਸਤਿਕਾਰ ਕਮੇਟੀ ਕੈਨੇਡਾ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਵਿਵਾਦ ਸਾਹਮਣੇ ਆਇਆ ਹੈ। ਦੋਵੇਂ ਧਿਰਾਂ ਨੇ ਇਸ ਸਬੰਧੀ ਆਪਣਾ-ਆਪਣਾ ਪੱਖ ਜਾਰੀ ਕੀਤਾ ਹੈ।




ਸਤਿਕਾਰ ਕਮੇਟੀ ਕੈਨੇਡਾ ਦੇ ਆਗੂ ਕੁਲਦੀਪ ਸਿੰਘ ਸੇਖੋਂ ਨੇ ਕਿਹਾ ਕਿ 225 ਪਾਵਨ ਸਰੂਪ ਸਮੁੰਦਰੀ ਰਸਤੇ ਲਗਭਗ ਦੋ ਤੋਂ ਤਿੰਨ ਮਹੀਨੇ ਤੱਕ ਕੰਟੇਨਰ ਵਿੱਚ ਰਹੇ ਅਤੇ ਬਾਅਦ ਵਿੱਚ ਬੰਦਰਗਾਹ ਤੋਂ ਗੁਰਦੁਆਰਾ ਸਾਹਿਬ ਤੱਕ ਲਿਆਂਦੇ ਗਏ। ਉਨ੍ਹਾਂ ਕਿਹਾ ਕਿ ਸੰਗਤਾਂ ਵੱਲੋਂ ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਜੇਕਰ 52 ਸੀਟਾਂ ਵਾਲੀ ਬੱਸ ਵਿੱਚ 225 ਪਾਵਨ ਸਰੂਪ ਲਿਆਂਦੇ ਗਏ ਤਾਂ ਉਨ੍ਹਾਂ ਨੂੰ ਕਿਸ ਤਰੀਕੇ ਨਾਲ ਰੱਖਿਆ ਗਿਆ।

ਉਨ੍ਹਾਂ ਦਾ ਕਹਿਣਾ ਹੈ ਕਿ ਗੁਰਦੁਆਰਾ ਸਾਹਿਬ ਵਿੱਚ ਪਾਵਨ ਸਰੂਪਾਂ ਨੂੰ ਅਲਮਾਰੀ-ਨੁਮਾ ਰੈਕਾਂ ਵਿੱਚ ਰੱਖਿਆ ਗਿਆ ਅਤੇ ਇਸ ਸਬੰਧੀ ਸੰਗਤਾਂ ਨੂੰ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਨਾ ਤਾਂ ਸ਼੍ਰੋਮਣੀ ਕਮੇਟੀ ਅਤੇ ਨਾ ਹੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਮਾਮਲੇ ਬਾਰੇ ਤਸੱਲੀਬਖ਼ਸ਼ ਸਪੱਸ਼ਟੀਕਰਨ ਦਿੱਤਾ ਗਿਆ, ਜਿਸ ਕਾਰਨ ਸੰਗਤਾਂ ਵਿੱਚ ਰੋਸ ਹੈ।

ਸਤਿਕਾਰ ਕਮੇਟੀ ਦੇ ਆਗੂਆਂ ਅਨੁਸਾਰ, ਜਦੋਂ ਇਸ ਸਬੰਧੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਕਿਹਾ ਗਿਆ ਕਿ ਜਿੱਥੇ ਪਾਵਨ ਸਰੂਪ ਤਿਆਰ ਹੁੰਦੇ ਹਨ, ਉੱਥੇ ਵੀ ਉਨ੍ਹਾਂ ਨੂੰ ਰੈਕਾਂ ਵਿੱਚ ਹੀ ਰੱਖਿਆ ਜਾਂਦਾ ਹੈ। ਇਸ ਦੇ ਜਵਾਬ ਵਿੱਚ ਸੰਗਤਾਂ ਦਾ ਕਹਿਣਾ ਸੀ ਕਿ ਪਾਵਨ ਸਰੂਪਾਂ ਦੇ ਸਤਿਕਾਰ ਅਤੇ ਪ੍ਰਬੰਧ ਦੀ ਜ਼ਿੰਮੇਵਾਰੀ ਸੰਬੰਧਿਤ ਪ੍ਰਬੰਧਕ ਸੰਸਥਾਵਾਂ ਦੀ ਬਣਦੀ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਰੋਸ ਮਾਰਚ ਦੇ ਐਲਾਨ ਤੋਂ ਬਾਅਦ ਕੁਝ ਧਾਰਮਿਕ ਆਗੂਆਂ ਵੱਲੋਂ ਇਸ ਮਸਲੇ ਨੂੰ ਗੱਲਬਾਤ ਰਾਹੀਂ ਟਾਲਣ ਅਤੇ ਰੋਸ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਤਿਕਾਰ ਕਮੇਟੀ ਦਾ ਕਹਿਣਾ ਹੈ ਕਿ ਜਦੋਂ ਵੀ ਸਤਿਕਾਰ ਨਾਲ ਜੁੜਿਆ ਕੋਈ ਮਸਲਾ ਉਠਦਾ ਹੈ ਤਾਂ ਉਸ ਦਾ ਸਮੇਂ ਸਿਰ ਅਤੇ ਸਪੱਸ਼ਟ ਹੱਲ ਨਹੀਂ ਕੀਤਾ ਜਾਂਦਾ ਅਤੇ ਆਮ ਸਿੱਖਾਂ ਦੀ ਆਵਾਜ਼ ਨੂੰ ਵੀ ਯੋਗ ਮਹੱਤਵ ਨਹੀਂ ਦਿੱਤਾ ਜਾਂਦਾ।

ਸਤਿਕਾਰ ਕਮੇਟੀ ਅਨੁਸਾਰ, ਬੀ.ਸੀ. ਵਿੱਚ ਵੱਡੀ ਗਿਣਤੀ ਵਿੱਚ ਗ੍ਰੰਥੀ ਸਿੰਘ, ਰਾਗੀ ਸਿੰਘ, ਕਥਾਵਾਚਕ, ਢਾਡੀ ਜਥੇ ਅਤੇ ਹੋਰ ਪ੍ਰਚਾਰਕ ਸੇਵਾ ਨਿਭਾ ਰਹੇ ਹਨ, ਪਰ ਰੋਸ ਮਾਰਚ ਵਿੱਚ ਬਹੁਤ ਘੱਟ ਧਾਰਮਿਕ ਪ੍ਰਚਾਰਕ ਸ਼ਾਮਲ ਹੋਏ। ਉਨ੍ਹਾਂ ਦੇ ਦਾਅਵੇ ਮੁਤਾਬਕ, ਰੋਸ ਮਾਰਚ ਵਿੱਚ ਲਗਭਗ 250 ਤੋਂ 300 ਸੰਗਤਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਦਮਦਮੀ ਟਕਸਾਲ ਨਾਲ ਸਬੰਧਤ ਸਿੰਘ, ਨਿਹੰਗ ਸਿੰਘ ਜਥੇਬੰਦੀਆਂ ਦੇ ਨੁਮਾਇੰਦੇ, ਸਤਿਕਾਰ ਕਮੇਟੀ ਦੇ ਮੈਂਬਰ, ਬੀਬੀਆਂ, ਬੱਚੇ ਅਤੇ ਹੋਰ ਸੰਗਤਾਂ ਸ਼ਾਮਲ ਸਨ। ਮਾਰਚ ਦੌਰਾਨ ਗੁਰਦੁਆਰਾ ਸਾਹਿਬ ਦੇ ਬਾਹਰ ਇਕੱਠੀਆਂ ਹੋਈਆਂ ਸੰਗਤਾਂ ਨੇ ਲਗਭਗ ਡੇਢ ਘੰਟੇ ਤੱਕ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਮੰਗ-ਪੱਤਰ ਵੀ ਸੌਂਪਿਆ। ਸਤਿਕਾਰ ਕਮੇਟੀ ਦਾ ਕਹਿਣਾ ਹੈ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ 'ਤੇ ਸੰਤੁਸ਼ਟੀਜਨਕ ਕਾਰਵਾਈ ਨਹੀਂ ਹੁੰਦੀ, ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।

ਦੂਜੇ ਪਾਸੇ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਨੇ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 7 ਜੁਲਾਈ 2026 ਨੂੰ ਜਾਰੀ ਕੀਤੇ ਆਦੇਸ਼ਾਂ ਦਾ ਪੂਰਾ ਸਤਿਕਾਰ ਕਰਦੀ ਹੈ ਅਤੇ ਕਿਸੇ ਵੀ ਵਿਵਾਦ ਨੂੰ ਹੋਰ ਵਧਾਉਣਾ ਨਹੀਂ ਚਾਹੁੰਦੀ। ਕਮੇਟੀ ਅਨੁਸਾਰ, 19 ਜੁਲਾਈ ਦੀ ਸਵੇਰ ਬੀ.ਸੀ. ਗੁਰਦੁਆਰਾ ਕੌਂਸਲ ਦੇ ਤਿੰਨ ਨੁਮਾਇੰਦਿਆਂ ਨਾਲ ਮੀਟਿੰਗ ਹੋਈ ਸੀ, ਜਿਸ ਵਿੱਚ ਪਾਵਨ ਸਰੂਪਾਂ ਦੇ ਦਰਸ਼ਨਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਕਮੇਟੀ ਦਾ ਕਹਿਣਾ ਹੈ ਕਿ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿੱਚ ਵੱਧ ਰੁਝੇਵਾਂ ਹੋਣ ਕਾਰਨ ਇਹ ਸਹਿਮਤੀ ਬਣੀ ਸੀ ਕਿ ਉਸੇ ਦਿਨ ਦੁਪਹਿਰ 3 ਵਜੇ ਕੌਂਸਲ ਦੇ ਪੰਜ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਉਨ੍ਹਾਂ ਵੱਲੋਂ ਭੇਜੇ ਗਏ ਪੰਜ ਗ੍ਰੰਥੀ ਸਿੰਘਾਂ ਨੂੰ ਪਹਿਲੇ ਪੜਾਅ ਵਿੱਚ 5 ਤੋਂ 7 ਪਾਵਨ ਸਰੂਪਾਂ ਦੇ ਦਰਸ਼ਨ ਕਰਵਾਏ ਜਾਣਗੇ ਅਤੇ ਬਾਕੀ ਸਰੂਪਾਂ ਦੇ ਦਰਸ਼ਨ ਅਗਲੇ ਹਫ਼ਤੇ ਦੌਰਾਨ ਕਰਵਾ ਦਿੱਤੇ ਜਾਣਗੇ।

ਪ੍ਰਬੰਧਕ ਕਮੇਟੀ ਨੇ ਦਾਅਵਾ ਕੀਤਾ ਕਿ ਇਸ ਸਹਿਮਤੀ ਦੇ ਬਾਵਜੂਦ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਨੂੰ ਉਸ ਨੇ ਮੰਦਭਾਗਾ ਕਰਾਰ ਦਿੱਤਾ। ਕਮੇਟੀ ਦਾ ਕਹਿਣਾ ਹੈ ਕਿ ਉਹ ਮਾਮਲੇ ਦੇ ਹੱਲ ਲਈ ਸੰਵਾਦ ਦੀ ਪੱਖਧਰ ਹੈ ਅਤੇ ਅਕਾਲ ਤਖ਼ਤ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਾਰਵਾਈ ਕਰ ਰਹੀ ਹੈ।

ਫਿਲਹਾਲ ਇਸ ਮਾਮਲੇ ਨੂੰ ਲੈ ਕੇ ਦੋਵੇਂ ਧਿਰਾਂ ਆਪਣੇ-ਆਪਣੇ ਦਾਅਵਿਆਂ 'ਤੇ ਕਾਇਮ ਹਨ। ਇੱਕ ਪਾਸੇ ਸਤਿਕਾਰ ਕਮੇਟੀ ਪਾਵਨ ਸਰੂਪਾਂ ਦੇ ਸਤਿਕਾਰ ਅਤੇ ਪ੍ਰਬੰਧ ਨੂੰ ਲੈ ਕੇ ਸਵਾਲ ਉਠਾ ਰਹੀ ਹੈ, ਜਦਕਿ ਦੂਜੇ ਪਾਸੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਹਿਣਾ ਹੈ ਕਿ ਉਹ ਸਾਰੇ ਧਾਰਮਿਕ ਮਰਿਆਦਾ ਅਤੇ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਪਾਰਦਰਸ਼ੀ ਢੰਗ ਨਾਲ ਕਾਰਵਾਈ ਕਰ ਰਹੀ ਹੈ।

## ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਦੇ ਕਵੀ ਦਰਬਾਰ ਵਿੱਚ ਕਵੀਆਂ ਨੇ ਗੀਤਾਂ, ਕਵਿਤਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆਂ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 28 ਜੁਲਾਈ : ਇੰਡੋ ਕੈਨੇਡੀਅਨ ਸੀਨੀਅਰ ਸੈਂਟਰ, ਸਰੀ-ਡੈਲਟਾ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਮਹੀਨਾਵਾਰ ਕਵੀ ਦਰਬਾਰ ਕਰਵਾਇਆ ਗਿਆ। ਸੈਂਟਰ ਦੇ ਉਪਰਲੇ ਹਾਲ ਵਿੱਚ ਕਰਵਾਏ ਗਏ ਇਸ ਕਵੀ ਦਰਬਾਰ ਦੀ ਪ੍ਰਧਾਨਗੀ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਕੀਤੀ।




ਕਵੀ ਦਰਬਾਰ ਵਿੱਚ ਸਥਾਨਕ ਕਵੀਆਂ ਨੇ ਸਮਾਜਿਕ ਸਰੋਕਾਰਾਂ, ਪ੍ਰਵਾਸੀ ਜੀਵਨ, ਮਨੁੱਖੀ ਕਦਰਾਂ-ਕੀਮਤਾਂ ਅਤੇ ਸਮਕਾਲੀ ਹਾਲਾਤਾਂ ਨੂੰ ਕੇਂਦਰ ਵਿੱਚ ਰੱਖਦੀਆਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਕਵੀਆਂ ਦੀਆਂ ਰਚਨਾਵਾਂ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਕਵੀ ਦਰਬਾਰ ਵਿੱਚ ਸੁਰਜੀਤ ਸਿੰਘ ਗਿੱਲ, ਦਰਸ਼ਨ ਸਿੰਘ ਅਟਵਾਲ, ਦਵਿੰਦਰ ਕੌਰ ਜੌਹਲ, ਅਮਰਜੀਤ ਕੌਰ, ਮਨਜੀਤ ਸਿੰਘ ਮੱਲ੍ਹਾ, ਗੁਰਦਰਸ਼ਨ ਸਿੰਘ ਤਤਲਾ, ਗੁਰਚਰਨ ਸਿੰਘ ਬਰਾੜ, ਗੁਰਮੀਤ ਸਿੰਘ ਕਾਲਕਟ, ਬਲਬੀਰ ਸਿੰਘ ਸੰਘਾ, ਹਰਚੰਦ ਸਿੰਘ ਗਿੱਲ, ਸਵਰਨਜੀਤ ਸਿੰਘ ਸੰਧੂ, ਪਵਨ ਭਾਮੀਆ, ਇੰਦਰਜੀਤ ਕੌਰ ਸੰਧੂ, ਮਲੂਕ ਚੰਦ ਕਲੇਰ, ਸੁਖਪ੍ਰੀਤ, ਠਾਣਾ ਸਿੰਘ ਖੋਸਾ, ਅਮਰਜੀਤ ਕੌਰ ਚਾਹਲ, ਸਰਬਜੀਤ ਔਖਲਾ, ਹਰਚਰਨ ਸਿੰਘ ਸੰਧੂ, ਜਗਜੀਤ ਸਿੰਘ ਸੇਖੋਂ ਅਤੇ ਬੇਅੰਤ ਸਿੰਘ ਢਿੱਲੋਂ ਸਮੇਤ ਹੋਰ ਕਈ ਕਵੀਆਂ ਨੇ ਸ਼ਿਰਕਤ ਕੀਤੀ। ਕਵੀ ਦਰਬਾਰ ਦਾ ਸੰਚਾਲਨ ਹਰਚੰਦ ਸਿੰਘ ਗਿੱਲ ਨੇ ਸੁਚੱਜੇ ਢੰਗ ਨਾਲ ਕੀਤਾ।

ਇਸ ਮੌਕੇ ਸਾਬਕਾ ਲੇਬਰ ਮੰਤਰੀ ਹੈਰੀ ਬੈਂਸ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਪ੍ਰਵਾਸ ਵਿੱਚ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਜਿਉਂਦਾ ਰੱਖਣ ਲਈ ਅਜਿਹੇ ਸਾਹਿਤਕ ਮੰਚਾਂ ਦੀ ਅਹਿਮ ਭੂਮਿਕਾ ਹੈ। ਉਨ੍ਹਾਂ ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਵੱਲੋਂ ਕੀਤੇ ਜਾ ਰਹੇ ਸਾਹਿਤਕ ਅਤੇ ਸੱਭਿਆਚਾਰਕ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਅੰਤ ਵਿੱਚ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ, ਕਵੀਆਂ ਅਤੇ ਹਾਜਰ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਹੀਨਾਵਾਰ ਕਵੀ ਦਰਬਾਰ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਨਿਰੰਤਰ ਸੇਵਾ ਲਈ ਸੈਂਟਰ ਦੀ ਇੱਕ ਮਹੱਤਵਪੂਰਨ ਪਰੰਪਰਾ ਬਣ ਚੁੱਕਾ ਹੈ, ਜਿਸ ਰਾਹੀਂ ਰਚਨਾਕਾਰਾਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਲਈ ਇੱਕ ਸਾਰਥਕ ਮੰਚ ਪ੍ਰਾਪਤ ਹੋ ਰਿਹਾ ਹੈ।

## ਸਰੀ ਵਿੱਚ ਸਲਾਨਾ ਸੱਭਿਆਚਾਰਕ ਅਤੇ ਇਤਿਹਾਸਕ 'ਮੇਲਾ ਗ਼ਦਰੀ ਬਾਬਿਆਂ ਦਾ' 2 ਅਗਸਤ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 28 ਜੁਲਾਈ : ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ (ਕੈਨੇਡਾ) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 30ਵਾਂ ਸਲਾਨਾ ਸੱਭਿਆਚਾਰਕ ਅਤੇ ਇਤਿਹਾਸਕ 'ਮੇਲਾ ਗ਼ਦਰੀ ਬਾਬਿਆਂ ਦਾ' 2 ਅਗਸਤ 2026 ਨੂੰ ਬੇਅਰ ਕ੍ਰੀਕ ਪਾਰਕ, ਸਰੀਵਿਖੇ ਕਰਵਾਇਆ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਪ੍ਰਧਾਨ ਸਾਹਿਬ ਥਿੰਦ ਨੇ ਦੱਸਿਆ ਹੈ ਕਿ ਇਹ ਮੇਲਾ ਗ਼ਦਰ ਲਹਿਰ ਦੇ ਮਹਾਨ ਸ਼ਹੀਦਾਂ ਅਤੇ ਆਜ਼ਾਦੀ ਦੇ ਪਰਵਾਨਿਆਂ ਨੂੰ ਸਮਰਪਿਤ ਹੋਵੇਗਾ। ਇਸ ਦੌਰਾਨ ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਨਵੀਂ ਪੀੜ੍ਹੀ ਨੂੰ ਦੇਸ਼ ਭਗਤੀ, ਇਤਿਹਾਸ ਅਤੇ ਪੰਜਾਬੀ ਵਿਰਸੇ ਨਾਲ ਜੋੜਨ ਲਈ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤੇ ਜਾਣਗੇ।

ਮੇਲੇ ਵਿੱਚ ਪੰਜਾਬੀ ਸੱਭਿਆਚਾਰ, ਲੋਕ-ਗੀਤ, ਇਤਿਹਾਸਕ ਪ੍ਰਦਰਸ਼ਨੀਆਂ ਅਤੇ ਪਰਿਵਾਰਕ ਮਨੋਰੰਜਨ ਦੇ ਨਾਲ-ਨਾਲ ਕਮਿਊਨਿਟੀ ਦੀ ਵੱਡੀ ਸ਼ਮੂਲੀਅਤ ਦੀ ਉਮੀਦ ਹੈ। ਉਹਨਾਂ ਸਮੂਹ ਪੰਜਾਬੀ ਭਾਈਚਾਰੇ ਨੂੰ ਆਪਣੇ ਪਰਿਵਾਰਾਂ ਸਮੇਤ ਸ਼ਾਮਲ ਹੋ ਕੇ ਗ਼ਦਰੀ ਬਾਬਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ ਇਸ ਇਤਿਹਾਸਕ ਮੇਲੇ ਨੂੰ ਕਾਮਯਾਬ ਬਣਾਉਣ ਦੀ ਅਪੀਲ ਕੀਤੀ ਹੈ। ਵਧੇਰੇ ਜਾਣਕਾਰੀ ਲਈ ਕਿਰਪਾਲ ਗਰੇਵਾਲ (604-649-5284) ਜਾਂ ਸਾਹਿਬ ਸਿੰਘ (604-751-6267) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਵਿਪਸਾ ਵੱਲੋਂ ਸ਼ਾਇਰ ਈਸ਼ਰ ਸਿੰਘ ਮੋਮਨ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਯਾਦਗਾਰੀ ਸਮਾਗਮ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਫਰੀਮਾਂਟ, 28 ਜੁਲਾਈ : ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਕੈਲੀਫੋਰਨੀਆ ਵੱਲੋਂ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਈਸ਼ਰ ਸਿੰਘ ਮੋਮਨ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਇਰਵਿੰਗਟਨ ਕਮਿਊਨਿਟੀ ਸੈਂਟਰ, ਫਰੀਮਾਂਟ ਵਿਖੇ ਗੰਭੀਰ, ਸੰਜੀਦਾ ਅਤੇ ਭਾਵਪੂਰਤ ਮਾਹੌਲ ਵਿੱਚ ਕਰਵਾਇਆ ਗਿਆ। ਸਮਾਗਮ ਵਿੱਚ ਸਾਹਿਤਕਾਰਾਂ, ਕਵੀਆਂ, ਲੇਖਕਾਂ ਅਤੇ ਸਾਹਿਤ-ਪ੍ਰੇਮੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਮੋਮਨ ਸਾਹਿਬ ਦੀ ਸਾਹਿਤਕ ਵਿਰਾਸਤ ਅਤੇ ਉਨ੍ਹਾਂ ਦੇ ਮਨੁੱਖਤਾਵਾਦੀ ਜੀਵਨ ਨੂੰ ਸ਼ਰਧਾ-ਸੁਮਨ ਭੇਟ ਕੀਤੇ।

ਸਮਾਗਮ ਦਾ ਸੰਚਾਲਨ ਵਿਪਸਾ ਦੇ ਜਨਰਲ ਸਕੱਤਰ ਜਗਜੀਤ ਨੌਸ਼ਿਹਰਵੀ ਨੇ ਕੀਤਾ। ਉਨ੍ਹਾਂ ਮੋਮਨ ਸਾਹਿਬ ਦੇ ਸਪੁੱਤਰ ਪਰਦੀਪ ਸਿੰਘ ਪਾਬਲਾ, ਨੂੰਹ ਮਨਜੀਤ ਕੌਰ ਪਾਬਲਾ, ਪ੍ਰੋ. ਸੁਰਿੰਦਰ ਸੀਰਤ, ਡਾ. ਸੁਖਵਿੰਦਰ ਕੰਬੋਜ ਅਤੇ ਲਾਜ ਨੀਲਮ ਸੈਣੀ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਕਰਦਿਆਂ ਕਿਹਾ ਕਿ ਮੋਮਨ ਸਾਹਿਬ ਨੂੰ ਇਸ ਸੰਸਾਰ ਤੋਂ ਵਿਛੜਿਆਂ ਭਾਵੇਂ ਇੱਕ ਵਰ੍ਹਾ ਹੋ ਗਿਆ ਹੈ, ਪਰ ਉਨ੍ਹਾਂ ਦੀ ਕਵਿਤਾ ਅੱਜ ਵੀ ਪਾਠਕਾਂ ਦੇ ਦਿਲਾਂ ਵਿੱਚ ਉਸੇ ਤਰ੍ਹਾਂ ਵਸਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮਿੱਟੀ ਨਾਲ ਡੂੰਘੇ ਸਰੋਕਾਰ, ਪਰਵਾਸੀ ਜੀਵਨ ਦੀਆਂ ਸੱਚਾਈਆਂ ਅਤੇ ਮਨੁੱਖੀ ਸੰਵੇਦਨਾਵਾਂ ਮੋਮਨ ਸਾਹਿਬ ਦੀ ਸ਼ਾਇਰੀ ਦੀ ਵਿਲੱਖਣ ਪਛਾਣ ਹਨ। ਇਸ ਮੌਕੇ ਉਨ੍ਹਾਂ ਦੇ ਲੋਕਪ੍ਰਿਯ ਸ਼ਿਅਰ ਸਰੋਤਿਆਂ ਨਾਲ ਸਾਂਝੇ ਕੀਤੇ ਗਏ, ਜਿਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲਿਆ।




ਲਾਜ ਨੀਲਮ ਸੈਣੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੋਮਨ ਸਾਹਿਬ ਦੀ ਮਹਾਨਤਾ ਸਿਰਫ਼ ਉਨ੍ਹਾਂ ਦੀ ਸ਼ਾਇਰੀ ਤੱਕ ਸੀਮਤ ਨਹੀਂ ਸੀ, ਸਗੋਂ ਉਨ੍ਹਾਂ ਦਾ ਸੇਵਾਮਈ ਅਤੇ ਮੁੱਲਾਂ-ਆਧਾਰਿਤ ਜੀਵਨ ਵੀ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਹੈ। ਉਨ੍ਹਾਂ ਕਿਹਾ ਕਿ ਆਪਣੀ ਮਾਤਾ ਅਤੇ ਜੀਵਨ ਸਾਥਣ ਦੀ ਲੰਮੇ ਸਮੇਂ ਤੱਕ ਨਿਸਵਾਰਥ ਸੇਵਾ ਕਰ ਕੇ ਉਨ੍ਹਾਂ ਨੇ ਮਨੁੱਖੀ ਫ਼ਰਜ਼ਾਂ ਦੀ ਅਨੋਖੀ ਮਿਸਾਲ ਕਾਇਮ ਕੀਤੀ। ਉਨ੍ਹਾਂ ਦੀਆਂ ਕਾਵਿ-ਕ੍ਰਿਤੀਆਂ 'ਕਲਮਾਂ ਦੀ ਕਸਤੂਰੀ' ਅਤੇ 'ਗ਼ਜ਼ਲ ਗੁਲਜ਼ਾਰ' ਪੰਜਾਬੀ ਸਾਹਿਤ ਦੀ ਅਮੋਲਕ ਵਿਰਾਸਤ ਹਨ।

ਪ੍ਰੋ. ਸੁਰਿੰਦਰ ਸੀਰਤ ਨੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਦੀ ਆਪਣੀ ਸਾਂਝ ਨੂੰ ਯਾਦ ਕਰਦਿਆਂ ਮੋਮਨ ਸਾਹਿਬ ਨੂੰ ਪੰਜਾਬੀ ਗ਼ਜ਼ਲ ਦੇ ਅਹਿਮ ਹਸਤਾਖਰਾਂ ਵਿੱਚ ਸ਼ੁਮਾਰ ਕੀਤਾ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਮੋਮਨ ਸਾਹਿਬ ਨਾਲ ਉਨ੍ਹਾਂ ਦੀ ਪਹਿਲੀ ਸਾਹਿਤਕ ਮੁਲਾਕਾਤ ਅੱਜ ਵੀ ਯਾਦਾਂ ਵਿੱਚ ਤਾਜ਼ਾ ਹੈ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੇ ਹਮੇਸ਼ਾ ਨਵੀਂ ਸੋਚ ਨੂੰ ਜਨਮ ਦਿੱਤਾ। ਸੁਰਜੀਤ ਸਖੀ ਨੇ ਗੁਆਂਢੀ ਹੋਣ ਦੇ ਨਾਤੇ ਉਨ੍ਹਾਂ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੀ ਸਾਦਗੀ, ਅਨੁਸ਼ਾਸਨ ਅਤੇ ਸਾਹਿਤ ਪ੍ਰਤੀ ਸਮਰਪਣ ਨੂੰ ਚੇਤੇ ਕੀਤਾ, ਜਦਕਿ ਅਮਰਜੀਤ ਸਿੰਘ ਜੌਹਲ ਨੇ ਮੋਮਨ ਸਾਹਿਬ ਦੀਆਂ ਗ਼ਜ਼ਲਾਂ ਨੂੰ ਸੁਰਾਂ ਵਿੱਚ ਪੇਸ਼ ਕਰਕੇ ਸਮਾਗਮ ਨੂੰ ਵਿਸ਼ੇਸ਼ ਰੰਗ ਬਖ਼ਸ਼ਿਆ।

ਵਿਪਸਾ ਦੇ ਪ੍ਰਧਾਨ ਕੁਲਵਿੰਦਰ ਨੇ ਡਾ. ਜਗਤਾਰ ਦੇ ਵਿਚਾਰਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੋਮਨ ਸਾਹਿਬ ਦੀ ਗ਼ਜ਼ਲ ਦੀ ਤਾਕਤ ਉਸ ਦੀ ਸਾਦਗੀ, ਲੋਕ-ਮੁਹਾਵਰਿਆਂ ਦੀ ਸੁਚੱਜੀ ਵਰਤੋਂ ਅਤੇ ਸਮਾਜਿਕ ਚੇਤਨਾ ਵਿੱਚ ਨਿਹਿਤ ਹੈ। ਉਨ੍ਹਾਂ ਵੱਲੋਂ ਪੇਸ਼ ਕੀਤੇ ਮੋਮਨ ਸਾਹਿਬ ਦੇ ਸ਼ਿਅਰਾਂ ਨੇ ਹਾਜ਼ਰੀਨ ਨੂੰ ਡੂੰਘੇ ਵਿਚਾਰ-ਚਿੰਤਨ ਵੱਲ ਪ੍ਰੇਰਿਆ। ਮੋਮਨ ਸਾਹਿਬ ਦੇ ਸਪੁੱਤਰ ਪਰਦੀਪ ਸਿੰਘ ਪਾਬਲਾ ਨੇ ਵਿਪਸਾ ਅਤੇ ਸਮੂਹ ਸਾਹਿਤਕ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਮਾਗਮ ਵਿੱਚ ਸਾਂਝੀਆਂ ਕੀਤੀਆਂ ਯਾਦਾਂ ਉਨ੍ਹਾਂ ਦੇ ਪਰਿਵਾਰ ਲਈ ਅਮੁੱਲੀ ਯਾਦਗਾਰ ਹਨ। ਉਨ੍ਹਾਂ ਇਸ ਮੌਕੇ ਵਿਪਸਾ ਨੂੰ 500 ਡਾਲਰ ਦੀ ਸਹਿਯੋਗੀ ਰਾਸ਼ੀ ਭੇਟ ਕੀਤੀ। ਸੰਸਥਾ ਵੱਲੋਂ ਪਰਦੀਪ ਸਿੰਘ ਪਾਬਲਾ ਅਤੇ ਮਨਜੀਤ ਕੌਰ ਪਾਬਲਾ ਨੂੰ ਸ਼ਾਲਾਂ ਨਾਲ ਸਨਮਾਨਿਤ ਕੀਤਾ ਗਿਆ।

ਸਮਾਗਮ ਦੌਰਾਨ ਪ੍ਰਿੰਸੀਪਲ ਹਰਨੇਕ ਸਿੰਘ ਨੇ ਆਪਣੀ ਮਿੰਨੀ ਕਹਾਣੀ ਪੇਸ਼ ਕੀਤੀ। ਇਸ ਤੋਂ ਬਾਅਦ ਹੋਏ ਕਵੀ ਦਰਬਾਰ ਵਿੱਚ ਮੁਕੇਸ਼ ਸ਼ਰਮਾ, ਅਮਰਜੀਤ ਜੌਹਲ, ਪ੍ਰੋ. ਸੁਰਿੰਦਰ ਸੀਰਤ, ਡਾ. ਸੁਖਵਿੰਦਰ ਕੰਬੋਜ, ਕੁਲਵਿੰਦਰ, ਜਗਜੀਤ ਨੌਸ਼ਿਹਰਵੀ ਅਤੇ ਸੁਰਜੀਤ ਸਖੀ ਨੇ ਆਪਣੀਆਂ ਰਚਨਾਵਾਂ ਰਾਹੀਂ ਸਾਹਿਤਕ ਮਹਿਫਿਲ ਨੂੰ ਹੋਰ ਵੀ ਰੰਗੀਨ ਬਣਾਇਆ।

ਅੰਤ ਵਿੱਚ ਵਿਸਪਾ ਦੇ ਪ੍ਰਧਾਨ ਕੁਲਵਿੰਦਰ ਨੇ ਸਮੂਹ ਮਹਿਮਾਨਾਂ ਅਤੇ ਹਾਜਰੀਨ ਦਾ ਧੰਨਵਾਦ ਕਰਦਿਆਂ ਐਲਾਨ ਕੀਤਾ ਕਿ ਵਿਪਸਾ ਦੀ ਸਾਲਾਨਾ ਅੰਤਰਰਾਸ਼ਟਰੀ ਸਾਹਿਤਕ ਕਾਨਫ਼ਰੰਸ 27 ਸਤੰਬਰ 2026 ਨੂੰ ਫਰੀਮਾਂਟ ਵਿਖੇ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਕਾਨਫ਼ਰੰਸ ਵਿੱਚ ਭਾਰਤ, ਪਾਕਿਸਤਾਨ, ਕੈਨੇਡਾ ਅਤੇ ਹੋਰ ਦੇਸ਼ਾਂ ਤੋਂ ਨਾਮਵਰ ਲੇਖਕ ਅਤੇ ਵਿਦਵਾਨ ਸ਼ਮੂਲੀਅਤ ਕਰਨਗੇ।

ਲਹਿੰਦੇ ਪੰਜਾਬ ਦੀ ਵਿਦਵਾਨ ਡਾ. ਨਬੀਲਾ ਰਹਿਮਾਨ ਦੀ ਸ਼ਮੂਲੀਅਤ ਵੀ ਯਕੀਨੀ ਹੋ ਚੁੱਕੀ ਹੈ। ਕਾਨਫ਼ਰੰਸ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਮਕਾਲੀ ਚੁਣੌਤੀਆਂ ਬਾਰੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਸਮਾਗਮ ਵਿੱਚ ਕੰਵਲਦੀਪ ਕੌਰ, ਬਰਜਿੰਦਰ ਸਿੰਘ, ਡਾ. ਰਾਮ ਸਿੰਘ, ਸੁਰਿੰਦਰ ਕੌਰ ਹਾਜ਼ਰਾ, ਪ੍ਰੋ. ਬਲਜਿੰਦਰ ਸਿੰਘ, ਸਤਿੰਦਰਜੀਤ ਕੌਰ, ਮਨਜੀਤ ਪਲਾਹੀ, ਨਵਦੀਪ ਕੰਬੋਜ, ਜਗਤਾਰ ਸਿੰਘ ਓਟਾਲ, ਪਰਮਜੀਤ ਕੌਰ ਓਟਾਲ, ਜਸਵੰਤ ਸਿੰਘ, ਅਭੀਤਾਬ ਸੈਣੀ ਅਤੇ ਹੋਰ ਅਨੇਕਾਂ ਸਾਹਿਤ-ਪ੍ਰੇਮੀ ਹਾਜਰ ਸਨ।

## “ਸਿਰਜਣਾ ਦੇ ਆਰ-ਪਾਰ” ਵਿੱਚ ਗਿਆਨ, ਨਿਮਰਤਾ ਅਤੇ ਦੂਰਦ੍ਰਿਸ਼ਟੀ ਦਾ ਅਦਭੁੱਤ ਸੰਗਮ : ਡਾ. ਕਰਮਜੀਤ ਸਿੰਘ ਨਾਲ ਪ੍ਰੇਰਣਾਦਾਇਕ ਰੂਬਰੂ ਇਤਿਹਾਸਿਕ ਮੀਲ ਪੱਥਰ ਸਥਾਪਿਤ ਕਰ ਗਿਆ


ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ




ਬਰੇਂਪਟਨ, 28 ਜੁਲਾਈ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫਾਊਂਡਰ ਰਮਿੰਦਰ ਰੰਮੀ ਦੀ ਅਗਵਾਈ ਹੇਠ ਆਯੋਜਿਤ ਲੋਕਪ੍ਰਿਯ ਲੜੀ “ਸਿਰਜਣਾ ਦੇ ਆਰ-ਪਾਰ” ਅਧੀਨ ਇਸ ਵਾਰ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨਾਲ ਇੱਕ ਪ੍ਰੇਰਣਾਦਾਇਕ ਰੂਬਰੂ 27 ਜੁਲਾਈ ਸੋਮਵਾਰ ਨੂੰ ਕਰਵਾਇਆ ਗਿਆ। ਪ੍ਰੋਗਰਾਮ ਦਾ ਸੰਚਾਲਨ ਅਤੇ ਸੰਵਾਦ ਪ੍ਰੋ. ਕੁਲਜੀਤ ਕੌਰ ਵੱਲੋਂ ਕੀਤਾ ਗਿਆ। ਇਹ ਉਹਨਾਂ ਵੱਲੋਂ ਕਰਵਾਇਆ ਗਿਆ 55ਵਾਂ ਰੂਬਰੂ ਸੀ, ਜਿਸ ਨੇ ਗਿਆਨ, ਸਾਦਗੀ, ਸੰਘਰਸ਼ ਅਤੇ ਸਫ਼ਲਤਾ ਦੇ ਅਨੇਕ ਪੱਖਾਂ ਨੂੰ ਸਰੋਤਿਆਂ ਦੇ ਰੂਬਰੂ ਕੀਤਾ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਪ੍ਰੋ. ਕੁਲਜੀਤ ਕੌਰ ਨੇ ਕਿਹਾ ਕਿ ਡਾ. ਕਰਮਜੀਤ ਸਿੰਘ ਵਰਗੀ ਪ੍ਰੇਰਨਾਦਾਇਕ ਅਤੇ ਦੂਰਅੰਦੇਸ਼ ਸ਼ਖ਼ਸੀਅਤ ਨਾਲ ਸੰਵਾਦ ਕਰਨਾ ਸਮੂਹ ਸਾਹਿਤਕ ਪਰਿਵਾਰ ਲਈ ਮਾਣ ਅਤੇ ਸੁਭਾਗ ਦੀ ਗੱਲ ਹੈ। ਇਸ ਮੌਕੇ ਡਾ. ਬਲਜੀਤ ਕੌਰ ਰਿਆੜ ਨੇ ਡਾ. ਸਾਹਿਬ ਦਾ ਸਵਾਗਤ ਕਰਦਿਆਂ ਕਿਹਾ ਕਿ ਉਹਨਾਂ ਦੀ ਯੋਜਨਾਬੱਧ ਅਗਵਾਈ ਹੇਠ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਨਵੀਆਂ ਉੱਚਾਈਆਂ ਨੂੰ ਛੂਹਿਆ ਹੈ ਅਤੇ ਉਹ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਿੱਖਿਆ ਪ੍ਰਤੀ ਸਮਰਪਿਤ ਸ਼ਖ਼ਸੀਅਤ ਹਨ।

ਰਮਿੰਦਰ ਰੰਮੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਹਰ ਮਹੀਨੇ ਕਰਵਾਈਆਂ ਜਾਂਦੀਆਂ ਕਾਵਿ-ਮਿਲਣੀਆਂ, ਰੂਬਰੂ ਪ੍ਰੋਗਰਾਮਾਂ ਅਤੇ ਈ-ਕਾਵਿ ਮੈਗਜ਼ੀਨ ਬਾਰੇ ਜਾਣਕਾਰੀ ਸਾਂਝੀ ਕੀਤੀ। ਪੰਜਾਬੀ ਅਧਿਐਨ ਸਕੂਲ ਦੇ ਮੁਖੀ ਡਾ. ਮਨਜਿੰਦਰ ਸਿੰਘ ਨੇ ਕਿਹਾ ਕਿ ਡਾ. ਕਰਮਜੀਤ ਸਿੰਘ ਦੀ ਸ਼ਖ਼ਸੀਅਤ ਵਿੱਚ ਪੰਜਾਬੀਅਤ, ਸਿੱਖੀ ਦੇ ਸਿਧਾਂਤਾਂ ਅਤੇ ਆਧੁਨਿਕ ਦੂਰਦ੍ਰਿਸ਼ਟੀ ਦਾ ਅਨੋਖਾ ਸੁਮੇਲ ਹੈ। ਉਹਨਾਂ ਕੋਲ ਸਮੇਂ ਦੇ ਹਾਣ ਦੀ ਯੂਨੀਵਰਸਿਟੀ ਸਿਰਜਣ ਦਾ ਵਿਜ਼ਨ ਹੈ।



ਡਾ. ਨਵਜੋਤ( ਓ ਐਸ ਡੀ )ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਜਲੰਧਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਡਾ. ਕਰਮਜੀਤ ਸਿੰਘ ਉੱਘੇ ਸਿੱਖਿਆ-ਸ਼ਾਸਤਰੀ ਹੋਣ ਦੇ ਨਾਲ-ਨਾਲ ਸਿੱਖ ਫ਼ਲਸਫ਼ੇ ਦੇ ਗੰਭੀਰ ਚਿੰਤਕ ਵੀ ਹਨ ਅਤੇ ਆਪਣੀ ਕਲਮ ਰਾਹੀਂ ਗਿਆਨ ਦਾ ਪ੍ਰਕਾਸ਼ ਫੈਲਾ ਰਹੇ ਹਨ।ਚੇਅਰਮੈਨ ਵਰਲਡ ਪੰਜਾਬੀ ਕਾਨਫ਼ਰੰਸ ਸ . ਅਜੈਬ ਸਿੰਘ ਚੱਠਾ ਨੇ ਡਾ. ਸਾਹਿਬ ਨਾਲ ਆਪਣੇ ਲੰਬੇ ਸਾਥ ਦਾ ਜ਼ਿਕਰ ਕਰਦਿਆਂ ਉਹਨਾਂ ਦੀ ਨੈਤਿਕ ਕਦਰਾਂ-ਕੀਮਤਾਂ ਅਤੇ ਲੇਖਨੀ ਦੀ ਵਿਸ਼ੇਸ਼ਤਾ ਉੱਤੇ ਚਾਨਣਾ ਪਾਇਆ।

ਰੂਬਰੂ ਦੌਰਾਨ ਪ੍ਰੋ. ਕੁਲਜੀਤ ਕੌਰ ਨੇ ਡਾ. ਕਰਮਜੀਤ ਸਿੰਘ ਦੇ ਜੀਵਨ-ਸਫ਼ਰ ਦੀਆਂ ਵੱਖ-ਵੱਖ ਪਰਤਾਂ ਨੂੰ ਪ੍ਰਸ਼ਨਾਂ ਰਾਹੀਂ ਖੋਲ੍ਹਿਆ। ਡਾ. ਸਾਹਿਬ ਨੇ ਆਪਣੇ ਬਚਪਨ, ਪਰਿਵਾਰਕ ਸੰਸਕਾਰਾਂ ਅਤੇ ਮਾਤਾ ਜੀ ਤੋਂ ਮਿਲੀ ਅਧਿਆਤਮਿਕ ਪ੍ਰੇਰਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੁਖਮਨੀ ਸਾਹਿਬ ਦਾ ਪਾਠ, ਪਰਮਾਤਮਾ ਦਾ ਸ਼ੁਕਰਾਨਾ ਅਤੇ ਪਰਿਵਾਰ ਦਾ ਪਿਆਰ ਹੀ ਉਹਨਾਂ ਦੀ ਸ਼ਖ਼ਸੀਅਤ ਦੀ ਨੀਂਹ ਬਣੇ। ਉਹਨਾਂ ਨੇ ਦੱਸਿਆ ਕਿ ਕੇਵਲ ਤੇਰਾਂ ਸਾਲ ਦੀ ਉਮਰ ਵਿੱਚ ਦਸਵੀਂ ਪਾਸ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਬਾਅਦ ਵਿੱਚ ਬੀ.ਕਾਮ. ਵਿੱਚ ਵੀ ਮੈਰਿਟ ਹਾਸਲ ਕੀਤੀ।

ਉਹਨਾਂ ਨੇ ਦੱਸਿਆ ਕਿ ਵਿਦਿਆਰਥੀ ਜੀਵਨ ਵਿੱਚ ਬੋਲਣ ਦੇ ਆਤਮ-ਵਿਸ਼ਵਾਸ ਦੀ ਘਾਟ ਨੂੰ ਆਪਣੇ ਅਧਿਆਪਕਾਂ ਦੀ ਪ੍ਰੇਰਨਾ ਅਤੇ ਸਵੈ-ਮਿਹਨਤ ਨਾਲ ਦੂਰ ਕੀਤਾ। ਵਣਜ ਵਪਾਰ ਵਿਸ਼ੇ ਦੀ ਚੋਣ ਤੋਂ ਲੈ ਕੇ ਅਧਿਆਪਨ ਖੇਤਰ ਵਿੱਚ ਪ੍ਰਵੇਸ਼, ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਨਿਭਾਈਆਂ ਜ਼ਿੰਮੇਵਾਰੀਆਂ ਅਤੇ ਇੱਕ ਅਧਿਆਪਕ ਤੋਂ ਵਾਈਸ ਚਾਂਸਲਰ ਤੱਕ ਦੇ ਸਫ਼ਰ ਨੂੰ ਉਹਨਾਂ ਨੇ ਬੜੀ ਸਾਦਗੀ ਨਾਲ ਸਾਂਝਾ ਕੀਤਾ।

ਉਹਨਾਂ ਨੇ ਦੱਸਿਆ ਕਿ ਜੀਵਨ ਵਿੱਚ ਕਈ ਵਾਰ ਨਿਰਾਸ਼ਾਵਾਂ ਵੀ ਆਈਆਂ, ਪਰ ਹਰ ਵਾਰ ਉਹਨਾਂ ਨੇ ਉਹਨਾਂ ਨੂੰ ਨਵੀਂ ਊਰਜਾ ਵਿੱਚ ਬਦਲਿਆ। ਪੰਜਾਬ ਯੂਨੀਵਰਸਿਟੀ ਵਿੱਚ ਹੋਸਟਲ ਵਾਰਡਨ ਤੋਂ ਰਜਿਸਟਰਾਰ ਤੱਕ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਬਾਅਦ ਵਾਈਸ ਚਾਂਸਲਰ ਵਜੋਂ ਮਿਲੀਆਂ ਜ਼ਿੰਮੇਵਾਰੀਆਂ ਨੂੰ ਵੀ ਉਹਨਾਂ ਨੇ ਪੂਰੀ ਸਮਰਪਣ-ਭਾਵਨਾ ਨਾਲ ਨਿਭਾਇਆ।

ਪਰਿਵਾਰ ਬਾਰੇ ਗੱਲ ਕਰਦਿਆਂ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਮਾਤਾ-ਪਿਤਾ, ਭੈਣਾਂ, ਧਰਮਪਤਨੀ ਅਤੇ ਬੱਚਿਆਂ ਦਾ ਸਹਿਯੋਗ ਉਹਨਾਂ ਦੀ ਹਰ ਪ੍ਰਾਪਤੀ ਦੀ ਬੁਨਿਆਦ ਹੈ। ਉਹਨਾਂ ਨੇ ਮੰਨਿਆ ਕਿ ਸਾਦਗੀ, ਨਿਮਰਤਾ ਅਤੇ ਸਹਿਜਤਾ ਪਰਿਵਾਰ ਤੋਂ ਹੀ ਪ੍ਰਾਪਤ ਹੋਏ ਸੰਸਕਾਰ ਹਨ।

ਇੱਕ ਸਫ਼ਲ ਪ੍ਰਬੰਧਕ ਵਜੋਂ ਆਪਣੇ ਵਿਚਾਰ ਸਾਂਝੇ ਕਰਦਿਆਂ ਉਹਨਾਂ ਕਿਹਾ ਕਿ ਕਿਸੇ ਵੀ ਵਿਅਕਤੀ ਦੀ ਗੱਲ ਧੀਰਜ ਨਾਲ ਸੁਣਨਾ ਹੀ ਹੱਲ ਵੱਲ ਪਹਿਲਾ ਕਦਮ ਹੈ। ਨਿਰਪੱਖਤਾ, ਆਸ਼ਾਵਾਦੀ ਸੋਚ, ਨਿਰੰਤਰ ਸਿੱਖਣ ਦੀ ਲਗਨ, ਮਿਹਨਤ, ਸੇਵਾ ਅਤੇ ਸਰਬੱਤ ਦੇ ਭਲੇ ਦਾ ਸੰਕਲਪ ਹੀ ਸੱਚੇ ਨੇਤ੍ਰਿਤਵ ਦੀ ਪਹਿਚਾਣ ਹਨ।

ਸਿੱਖੀ ਦੇ ਸਿਧਾਂਤਾਂ ਨਾਲ ਆਪਣੀ ਡੂੰਘੀ ਸਾਂਝ ਬਾਰੇ ਉਹਨਾਂ ਦੱਸਿਆ ਕਿ ਮਾਤਾ ਜੀ ਦੀ ਪ੍ਰੇਰਨਾ ਨਾਲ ਹੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਅਤੇ ਲੇਖਨ ਵੱਲ ਪ੍ਰੇਰਿਤ ਹੋਏ। ਉਹਨਾਂ ਕਿਹਾ ਕਿ ਉਹਨਾਂ ਦੀ ਹਰ ਲਿਖਤ ਮਨੁੱਖੀ ਜੀਵਨ ਨੂੰ ਸਹੀ ਦਿਸ਼ਾ ਦੇਣ ਦਾ ਇੱਕ ਨਿਮਾਣਾ ਯਤਨ ਹੁੰਦੀ ਹੈ।

ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਵਿਦੇਸ਼ਾਂ ਵਿੱਚ ਵੱਸ ਰਹੀ ਤੀਜੀ ਪੀੜ੍ਹੀ ਲਈ ਵਿਸ਼ੇਸ਼ ਕੋਰਸ ਤਿਆਰ ਕੀਤੇ ਜਾ ਰਹੇ ਹਨ, ਵਿਗਿਆਨ ਦੇ ਵਿਸ਼ਿਆਂ ਨੂੰ ਪੰਜਾਬੀ ਵਿੱਚ ਉਪਲਬਧ ਕਰਵਾਉਣ ਦੇ ਯਤਨ ਜਾਰੀ ਹਨ ਅਤੇ ਪੰਜਾਬੀ ਨੂੰ ਵਿਸ਼ਵ ਪੱਧਰ ‘ਤੇ ਹੋਰ ਮਜ਼ਬੂਤ ਬਣਾਉਣ ਲਈ ਯੂਨੀਵਰਸਿਟੀ ਲਗਾਤਾਰ ਕੰਮ ਕਰ ਰਹੀ ਹੈ। ਉਹਨਾਂ ਵਿਸ਼ਵਾਸ ਪ੍ਰਗਟਾਇਆ ਕਿ ਪੰਜਾਬੀ ਭਾਸ਼ਾ ਦਾ ਭਵਿੱਖ ਬੇਹੱਦ ਰੌਸ਼ਨ ਹੈ।

ਪ੍ਰੋਗਰਾਮ ਦੌਰਾਨ ਜੁਲਾਈ ਮਹੀਨੇ ਦਾ ਈ-ਮੈਗਜ਼ੀਨ ਵੀ ਲੋਕ ਅਰਪਿਤ ਕੀਤਾ ਗਿਆ। ਸਮਾਪਤੀ ਸਮੇਂ ਸਭਾ ਦੇ ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਨੇ ਹਮੇਸ਼ਾਂ ਵਾਂਗ ਆਪਣੇ ਵਿਲੱਖਣ ਅੰਦਾਜ਼ ਵਿੱਚ ਪ੍ਰੋਗਰਾਮ ਨੂੰ ਸਮਅੱਪ ਕੀਤਾ ਤੇ ਡਾ. ਕਰਮਜੀਤ ਸਿੰਘ ਦਾ ਰੁਝੇਵਿਆਂ ਭਰੇ ਸਮੇਂ ਵਿੱਚੋਂ ਸਮਾਂ ਕੱਢਣ ਲਈ ਧੰਨਵਾਦ ਕੀਤਾ ਅਤੇ ਰਮਿੰਦਰ ਰੰਮੀ ਤੇ ਪ੍ਰੋ. ਕੁਲਜੀਤ ਕੌਰ ਦੀ ਵਿਦਵਤਾ, ਸੰਚਾਲਨ-ਕਲਾ ਅਤੇ ਪ੍ਰਭਾਵਸ਼ਾਲੀ ਪ੍ਰਸ਼ਨ-ਸ਼ੈਲੀ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਉਹਨਾਂ ਕਿਹਾ ਕਿ ਡਾ. ਕਰਮਜੀਤ ਸਿੰਘ ਦਾ ਜੀਵਨ-ਸਫ਼ਰ ਇਹ ਸਿਖਾਉਂਦਾ ਹੈ ਕਿ ਕਮਜ਼ੋਰੀਆਂ ਨੂੰ ਤਾਕਤ ਅਤੇ ਨਿਰਾਸ਼ਾ ਨੂੰ ਨਵੀਂ ਉਡਾਣ ਵਿੱਚ ਬਦਲਿਆ ਜਾ ਸਕਦਾ ਹੈ।

ਅੰਤ ਵਿੱਚ ਰਮਿੰਦਰ ਰੰਮੀ ਨੇ ਡਾ. ਕਰਮਜੀਤ ਸਿੰਘ ਸਮੇਤ ਸਾਰੀਆਂ ਹਾਜ਼ਰ ਸ਼ਖ਼ਸੀਅਤਾਂ ਅਤੇ ਦੇਸ਼-ਵਿਦੇਸ਼ ਤੋਂ ਫੇਸਬੁੱਕ ਅਤੇ ਜ਼ੂਮ ਰਾਹੀਂ ਜੁੜੇ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ :- “ ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਹੀਂ ਸਮਾਏ “ ।

ਰਮਿੰਦਰ ਰੰਮੀ ਨੇ ਇਹ ਵੀ ਕਿਹਾ ਕਿ ਪ੍ਰੋ. ਕੁਲਜੀਤ ਜੀ ਉੱਪਰ ਜਿੰਨਾ ਮਾਣ ਕੀਤਾ ਜਾਏ ਬਹੁਤ ਥੋੜਾ ਹੈ । ਉਹਨਾਂ ਦੀ ਹੋਸਟਿੰਗ ਕਾਬਿਲੇ ਤਾਰੀਫ਼ ਹੁੰਦੀ ਹੈ । ਇਸ ਮੌਕੇ ਸਤਬੀਰ ਸਿੰਘ, ਗੁਰਚਰਨ ਸਿੰਘ ਜੋਗੀ ਅਤੇ ਪ੍ਰੋ. ਪਵਨ ਖਿੱਚੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਨੂੰ ਦੇਸ਼-ਵਿਦੇਸ਼ ਦੀਆਂ ਅਣਗਿਣਤ ਸਾਹਿਤ-ਪ੍ਰੇਮੀ ਸ਼ਖ਼ਸੀਅਤਾਂ ਨੇ ਬੜੇ ਉਤਸ਼ਾਹ ਅਤੇ ਸਤਿਕਾਰ ਨਾਲ ਮਾਣਿਆ।

ਸਰਪ੍ਰਸਤ ਸੁਰਜੀਤ ਕੌਰ , ਹਰਭਜਨ ਕੌਰ ਗਿੱਲ , ਡਾ . ਪੁਸ਼ਵਿੰਦਰ ਖੋਖਰ , ਡਾ . ਸਤਿੰਦਰ ਕੌਰ ਕਾਹਲੋਂ , ਰਿੰਟੂ ਭਾਟੀਆ , ਡਾ . ਅਮਰ ਜੋਤੀ ਮਾਂਗਟ , ਡਾ . ਰਾਜਬੀਰ ਕੌਰ ਗਰੇਵਾਲ ,ਡਾ. ਅਮਰਜੀਤ ਕੌਂਕੇ , ਪਰਮਜੀਤ ਸਿੰਘ ਢਿੱਲੋਂ , ਡਾ . ਰਾਜਵਿੰਦਰ ਹੁੰਦਲ , ਡਾ . ਆਂਚਲ ਅਰੋੜਾ , ਸੁਰਿੰਦਰ ਭੋਗਲ ਅਤੇ ਹੋਰ ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਵਿਦਵਾਨਾਂ ਨੇ ਸ਼ਿਰਕਤ ਕੀਤੀ ਤੇ ਨਿੱਠ ਕੇ ਪ੍ਰੋਗਰਾਮ ਨੂੰ ਸੁਣਿਆ ।ਧੰਨਵਾਦ ਸਹਿਤ । ਇਹ ਰਿਪੋਰਟ ਡਾ . ਪੁਸ਼ਵਿੰਦਰ ਕੌਰ ਖੋਖਰ ਜੀ ਅਤੇ ਪ੍ਰੋ. ਕੁਲਜੀਤ ਕੌਰ ਜੀ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ

## ਪੀ.ਏ.ਯੂ. ਦੇ ਪਸਾਰ ਮਾਹਿਰ ਨੇ ਅਮਰੀਕਨ ਯੂਨੀਵਰਸਿਟੀ ਵਿਚ ਪਸਾਰ ਤਕਨਾਲੋਜੀਆਂ ਦੇ ਗੁਰ ਸਿਖਾਏ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 28 ਜੁਲਾਈ : ਪੀ.ਏ.ਯੂ. ਵਿਖੇ ਟੀ ਵੀ ਰੇਡੀਓ ਦੇ ਸਹਿਯੋਗੀ ਨਿਰਦੇਸ਼ਕ ਵਜੋਂ ਕਾਰਜਸ਼ੀਲ ਡਾ. ਅਨਿਲ ਸ਼ਰਮਾ ਬੀਤੇ ਦਿਨੀਂ ਕੈਲੇਫੋਰਨੀਆਂ ਰਾਜ ਯੂਨੀਵਰਸਿਟੀ ਦੇ 14 ਦਿਨਾਂ ਦੇ ਅਧਿਕਾਰਤ ਦੌਰੇ ਤੇ ਸਨ| ਇਸ ਦੌਰੇ ਦਾ ਮੰਤਵ ਦੋਵਾਂ ਸੰਸਥਾਵਾਂ ਵਿਚਕਾਰ 2019 ਵਿਚ ਹੋਏ ਸਮਝੌਤੇ ਤਹਿਤ ਅਕਾਦਮਿਕ ਅਦਾਨ-ਪ੍ਰਦਾਨ ਦੀ ਸਾਂਝ ਨੂੰ ਮਜ਼ਬੂਤ ਬਨਾਉਣਾ ਸੀ| ਦੌਰੇ ਦੌਰਾਨ ਡਾ. ਸ਼ਰਮਾ ਕੈਲੇਫੋਰਨੀਆਂ ਦੀ ਕੇਂਦਰੀ ਵਾਦੀ ਦੇ ਖੇਤੀ ਨਾਲ ਸੰਬੰਧਿਤ ਭਾਈਵਾਲਾਂ ਨੂੰ ਮਿਲੇ| ਇਸ ਦੌਰਾਨ ਉਹਨਾਂ ਨੇ ਖੇਤੀ ਵਿਗਿਆਨ ਅਤੇ ਤਕਨਾਲੋਜੀ ਬਾਰੇ ਜੋਰਡਨ ਕਾਲਜ ਦੇ ਮਾਹਿਰਾਂ ਅਤੇ ਪੰਜਾਬੀ ਭਾਈਚਾਰਿਆਂ ਨਾਲ ਵਿਸ਼ੇਸ਼ ਤੌਰ ਤੇ ਸੰਪਰਕ ਬਣਾਇਆ| ਡਾ. ਸ਼ਰਮਾ ਨੇ ਜੋਰਡਨ ਕਾਲਜ ਦੇ ਡੀਨ ਡਾ. ਰੌਲਸਟੋਨ ਹਿਲੇਰੀ ਤੋਂ ਇਲਾਵਾ ਵਿਸ਼ਵ ਪ੍ਰਸਿੱਧ ਕਿਸਾਨ ਸ. ਚਰਨਜੀਤ ਸਿੰਘ ਬਾਠ, ਡਾ. ਗੈਰੀ ਚਾਹਲ, ਸ਼੍ਰੀ ਅਵਤਾਰ ਗਿੱਲ, ਡਾ. ਗੁਰਰੀਤ ਬਰਾੜ, ਡਾ. ਅਰਜਨ ਸਿੰਘ ਜੋਸਨ, ਸ਼੍ਰੀ ਕੇਵਲ ਵਾਸੀ, ਡਾ. ਸ਼ੈਰੇਨ ਬਿਕਨਰ ਅਤੇ ਡਾ. ਰਣਜੀਤ ਰਿਆੜ ਨਾਲ ਮੁਲਾਕਾਤ ਕੀਤੀ|





ਇਸ ਸਾਂਝਦਾਰੀ ਬਾਰੇ ਗੱਲ ਕਰਦਿਆਂ ਡਾ. ਗੁਰਰੀਤ ਬਰਾੜ ਨੇ ਇਸ ਦੌਰੇ ਦੇ ਉਦੇਸ਼ਾਂ ਉੱਪਰ ਚਾਨਣਾ ਪਾਇਆ| ਉਹਨਾਂ ਦੱਸਿਆ ਕਿ ਡਾ. ਸ਼ਰਮਾ ਦੀ ਨਿਗਰਾਨੀ ਹੇਠ ਪੀ ਐੱਚ ਡੀ ਕਰਨ ਵਾਲਾ ਵਿਦਿਆਰਥੀ ਸਨੀਰੁੱਧ ਸਿੰਘ 6 ਮਹੀਨੇ ਲਈ ਫਰਿਜ਼ਨੋ ਯੂਨੀਵਰਸਿਟੀ ਵਿਖੇ ਖੋਜ ਕਰ ਰਿਹਾ ਸੀ| ਸਨੀਰੁੱਧ ਸਿੰਘ ਨੇ ਇਸ ਦੌਰਾਨ ਪਸਾਰ ਗਤੀਵਿਧੀਆਂ ਲਈ ਗੀਤਾਂ, ਬੁਝਾਰਤਾਂ, ਖੇਡਾਂ ਆਦਿ ਦੀ ਮਹੱਤਤਾ ਬਾਰੇ ਖੋਜ ਕੀਤੀ|

ਡਾ. ਸ਼ੈਰੇਨ ਬਿਕਨਰ ਨੇ ਦੱਸਿਆ ਕਿ ਕੈਲੇਫੋਰਨੀਆਂ ਦੇ 6 ਵਿਦਿਆਰਥੀਆਂ ਨੇ ਲੰਘੇ ਸਾਲ ਖੇਤੀ ਪਸਾਰ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਪੀ.ਏ.ਯੂ. ਦਾ ਦੌਰਾ ਕੀਤਾ ਸੀ| ਆਪਣੇ ਕਾਰਜ ਬਾਰੇ ਡਾ. ਅਨਿਲ ਸ਼ਰਮਾ ਅਤੇ ਸਨੀਰੁੱਧ ਸਿੰਘ ਨੇ ਪੇਸ਼ਕਾਰੀਆਂ ਵੀ ਦਿੱਤੀਆਂ| ਡਾ. ਕਰਮਜੋਤ ਰੰਧਾਵਾ ਵੱਲੋਂ ਅਜਿਹੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ| ਡਾ. ਰੌਲਸਟੋਨ ਹਿਲੇਰੀ ਨੇ ਸਮਝੌਤੇ ਤਹਿਤ ਕੀਤੇ ਜਾਣ ਵਾਲੇ ਅਦਾਨ-ਪ੍ਰਦਾਨ ਦੀ ਪ੍ਰਸ਼ੰਸਾ ਕੀਤੀ ਅਤੇ ਇਸ ਨੂੰ ਭਵਿੱਖ ਲਈ ਬੇਹੱਦ ਲਾਹੇਵੰਦ ਕਿਹਾ|

ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਮਾਹਿਰਾਂ ਦੀ ਇਸ ਇਕੱਤਰਤਾ ਨੂੰ ਲਾਭਕਾਰੀ ਆਖਦਿਆਂ ਆਸ ਪ੍ਰਗਟਾਈ ਕਿ ਭਵਿੱਖ ਵਿਚ ਵਿਦਿਆਰਥੀ ਇਹਨਾਂ ਗਤੀਵਿਧੀਆਂ ਤੋਂ ਲਾਹਾ ਲੈ ਸਕਣਗੇ|

## ਵੀਰ ਸੰਧਾਰਾ ਲਿਆਇਆ

ਦੇਖ ਤੜਕੇ ਕਿੰਨੇ ਬੂਹਾ ਖੜਕਾਇਆ,
ਨੀ ਕੌਣ ਪ੍ਰਾਹੁਣਾ ਆਇਆ ?
ਦੇਖ ਕੇ ਵੀਰ ਨੂੰ ਚਾਅ ਚੜ੍ਹ ਆਇਆ,
ਬੇਬੇ, ਮੇਰਾ ਵੀਰ ਸੰਧਾਰਾ ਲਿਆਇਆ।




ਤੀਆਂ ਦਾ ਤਿਉਹਾਰ ਜੋ ਆਇਆ,
ਭੈਣ ਨੇ ਬੋਲ ਆਖ ਸੁਣਾਇਆ।
ਸੂਟ, ਦੰਦਾਸਾ ਤੇ ਸ਼ਿੰਗਾਰ ਦਾ ਸਮਾਨ ,
ਪੀਪਾ ਭਰ ਲੱਡੂਆਂ ਦਾ ਲਿਆਇਆ।
ਫੜ ਕੇ ਸੰਧਾਰਾ ਮੈਂ ਤਾਂ ਮਾਲ-ਪੂੜਾ ਬਣਾਇਆ,
ਤੱਤੀ-ਤੱਤੀ ਚਾਹ ਦਾ ਵੀਰ ਨੂੰ ਪਿਆਲਾ ਪਿਆਇਆ।
ਬੇਬੇ ਦੇ ਤਾਹਨਿਆਂ ਤੋਂ ਮੈਨੂੰ ਬਚਾਇਆ,
ਬੇਬੇ, ਮੇਰਾ ਵੀਰ ਸੰਧਾਰਾ ਲਿਆਇਆ।

ਵੀਰ ਆਖੇ, “ਕਮਲੀਏ ਭੈਣੇ, ਮੈਂ ਤਾਂ ਫਰਜ਼ ਨਿਭਾਇਆ,
ਆਪਣੀ ਰੀਤ ਅਤੇ ਰਿਵਾਜ ਨੂੰ ਪੁਗਾਇਆ।
ਵੀਰ ਨੇ ਪਿਆਰ ਦਾ ਬੋਲ ਸੁਣਾਇਆ,
ਚਿਰਾਂ ਪਿੱਛੋਂ ਅੱਜ ਫੇਰਾ ਏ ਪਾਇਆ।
ਭਾਗਾਂ ਵਾਲਾ ਸਾਉਣ ਮਹੀਨਾ ਚੜ੍ਹ ਆਇਆ,
ਬੇਬੇ, ਮੇਰਾ ਵੀਰ ਸੰਧਾਰਾ ਲਿਆਇਆ।

ਵਰਲਡ ਪੰਜਾਬੀ ਟਾਈਮਜ਼
ਪਰਮਬੀਰ ਕੌਰ ਰਿਆੜ

ਪਿੱਪਲੀਂ ਪੀਂਘਾਂ, ਸਹੇਲੀਆਂ ਦਾ ਢਾਣੀ ਨਾਲ ਮੇਲਾ,
ਭੈਣਾਂ ਇਕੱਠੀਆਂ ਦਾ ਹੱਸਣੇ-ਖੇਡਣੇ ਦਾ ਵੇਲਾ।
ਗਿੱਧਾ ਪਾ ਕੇ ਮੈਂ ਤਾਂ ਧਰਤੀ ਨੂੰ ਹਿਲਾਇਆ,
ਭਰਾ ਦੀ ਲੰਮੀ ਉਮਰ ਦਾ ਮੈਂ ਗੀਤ ਗਾਇਆ।
ਵੀਰ ਨੇ ਭੈਣ ਨੂੰ ਗਲੇ ਨਾਲ ਲਾਇਆ,
ਬੇਬੇ, ਮੇਰਾ ਵੀਰ ਸੰਧਾਰਾ ਲਿਆਇਆ।

ਹੱਥੀਂ ਮਹਿੰਦੀ ਲਾਈ, ਹਰਾ ਰੰਗ ਚੜ੍ਹ ਆਇਆ,
ਗੁੱਟਾਂ ਉੱਤੇ ਹਰੀਆਂ ਚੂੜੀਆਂ ਨੇ ਸ਼ੋਰ ਪਾਇਆ।
ਸ਼ੀਸ਼ੇ ਸਾਹਵੇਂ ਜਾ ਕੇ ਮੈਂ ਰੂਪ ਸਜਾਇਆ,
ਵੀਰ ਮੇਰੇ ਨੇ ਮੇਰਾ ਉਹੀ ਬਚਪਨ ਲਿਆਇਆ।
ਮੱਥੇ ਚੁੰਮ ਕੇ ਵੀਰ ਨੇ ਅਸੀਸਾਂ ਦਾ ਮੀਂਹ ਵਰ੍ਹਾਇਆ,
ਬੇਬੇ, ਮੇਰਾ ਵੀਰ ਸੰਧਾਰਾ ਲਿਆਇਆ।

ਜਾਂਦੀ ਵਾਰੀ ਵੀਰ ਨੇ ਹੱਥ ਪੀਹੜੇ ‘ਤੇ ਪਾਇਆ,
ਨੈਣਾਂ ਵਿੱਚ ਵੀ ਉਸਦੇ ਥੋੜ੍ਹਾ ਓਦਰੇਵਾਂ ਆਇਆ।
“ਅਗਲੇ ਸਾਲ ਮੈਂ ਆਵਾਂਗਾ”, ਵਾਅਦਾ ਉਸ ਨਿਭਾਇਆ,
ਭੈਣ ਨੇ ਮੁੜ ਕੇ ਆਉਣ ਦਾ ਸ਼ਗਨ ਮਨਾਇਆ।
ਰੱਬਾ, ਵੀਰ ਮੇਰੇ ਨੂੰ ਤੂੰ ਸਦਾ ਤੱਤੀ ਵਾਅ ਤੋਂ ਬਚਾਇਆ,
ਬੇਬੇ, ਮੇਰਾ ਵੀਰ ਸੰਧਾਰਾ ਲਿਆਇਆ।

## ਸਹਾਇਕ ਕਮਿਸ਼ਨਰ ਦੀ ਅਗਵਾਈ ਹੇਠ ਟ੍ਰੇਡ ਕਮਿਸ਼ਨ ਦੀ ਅਹਿਮ ਮੀਟਿੰਗ

### ਵਪਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਪਹਿਲ: ਸਹਾਇਕ ਕਮਿਸ਼ਨਰ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 28 ਜੁਲਾਈ : ਪੰਜਾਬ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਤੁਰੰਤ ਹੱਲ ਅਤੇ ਵਪਾਰਕ ਗਤੀਵਿਧੀਆਂ ਨੂੰ ਹੋਰ ਸੁਚਾਰੂ ਬਣਾਉਣ ਦੇ ਮੰਤਵ ਨਾਲ ਅੱਜ ਪਟਿਆਲਾ ਦੇ ਸਹਾਇਕ ਕਮਿਸ਼ਨਰ ਹਰਜੋਤ ਕੌਰ ਮਾਵੀ ਦੀ ਅਗਵਾਈ ਹੇਠ ਟ੍ਰੇਡ ਕਮਿਸ਼ਨ ਦੀ ਮੀਟਿੰਗ ਕਰਵਾਈ ਗਈ। ਇਸ ਦੌਰਾਨ ਵਪਾਰੀਆਂ ਵੱਲੋਂ ਉਠਾਏ ਗਏ ਵੱਖ-ਵੱਖ ਮਸਲਿਆਂ ‘ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਕਈ ਸ਼ਿਕਾਇਤਾਂ ਦਾ ਮੌਕੇ ‘ਤੇ ਹੀ ਨਿਪਟਾਰਾ ਕੀਤਾ ਗਿਆ।

ਸਹਾਇਕ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਪਾਰੀਆਂ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਪ੍ਰਾਪਤ ਸ਼ਿਕਾਇਤਾਂ ਵਿੱਚੋਂ 368 ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ, ਜਦਕਿ 10 ਸ਼ਿਕਾਇਤਾਂ ਖੁਲੀਆਂ ਮੰਨੀਆਂ ਗਈਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਾਕੀ ਸ਼ਿਕਾਇਤਾਂ ਦਾ ਵੀ ਜਲਦ ਨਿਪਟਾਰਾ ਯਕੀਨੀ ਬਣਾਇਆ ਜਾਵੇ।

ਇਸ ਮੌਕੇ ਟ੍ਰੇਡਰਜ਼ ਕਮਿਸ਼ਨ, ਪਟਿਆਲਾ ਦੇ ਜ਼ਿਲ੍ਹਾ ਚੇਅਰਮੈਨ ਐਡਵੋਕੇਟ ਵਿਨੋਦ ਕੁਮਾਰ ਸਿੰਗਲਾ ਨੇ ਦੱਸਿਆ ਕਿ ਵਪਾਰੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਆਉਣ ਵਾਲੇ ਕੁਝ ਦਿਨਾਂ ਵਿੱਚ ਹੈਰੀਟੇਜ ਸਟਰੀਟ ਵਾਲੀ ਸੜਕ ਦਾ ਸਮਾਣੀਆ ਗੇਟ ਤੋਂ ਮਹਾਂਵੀਰ ਮੰਦਰ ਤੱਕ ਅਤੇ ਬਰਤਨ ਬਾਜ਼ਾਰ ਤੋਂ ਮੰਡੀ ਵਾਲੀ ਸੜਕ ਦਾ ਨਿਰਮਾਣ ਕਾਰਜ ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਵਪਾਰੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਮੱਸਿਆ ਦਾ ਹੱਲ ਹੋਵੇਗਾ। ਮੀਟਿੰਗ ਵਿੱਚ ਸੰਜੀਵ ਗੁਪਤਾ, ਗੁਰਪ੍ਰੀਤ ਸਿੰਘ ਧਮੌਲੀ, ਟ੍ਰੇਡ ਕਮਿਸ਼ਨ ਦੇ ਮੈਂਬਰ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।